## ਸ਼ੇਖ ਫ਼ਰੀਦ - ਸਬਦ ੮੭

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥**

**ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨**

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥੮੪॥

ਸਾਰ: ਸਾਡੀ ਅੰਤਰ-ਆਤਮਾ ਅੰਤਰੀਵੀ ਗਵਾਹ ਵਾਂਗ ਹੈ ਜੋ ਚੁੱਪਚਾਪ ਸਾਡੇ ਕਰਮਾਂ ਦਾ ਲੇਖਾ-ਜੋਖਾ ਇਕੱਤਰ ਕਰਦੀ ਰਹਿੰਦੀ ਹੈ। ਭਾਵੇਂ ਦੁਨੀਆਂ ਸਾਨੂੰ ਕੋਈ ਸਵਾਲ ਨਾ ਵੀ ਕਰੇ, ਇਹ ਅੰਤਰੀਵੀ ਜਾਗਰੂਕਤਾ ਸਾਡੀਆਂ ਚੋਣਾਂ ਨੂੰ ਦੇਖਦੀ ਅਤੇ ਇਨ੍ਹਾਂ ਦਾ ਮੁਲਾਂਕਣ ਕਰਦੀ ਰਹਿੰਦੀ ਹੈ। ਇਹ ਹਮੇਸ਼ਾ ਉੱਚੀ ਆਵਾਜ਼ ਵਿਚ ਨਹੀਂ ਬੋਲਦੀ, ਪਰ ਫਿਰ ਵੀ ਇਹ ਸਹਿਜਮਈ ਢੰਗ ਨਾਲ ਸਾਨੂੰ ਯਾਦ ਦਿਵਾਉਂਦੀ ਰਹਿੰਦੀ ਹੈ ਕਿ ਕੀ ਇਮਾਨਦਾਰੀ ਨਾਲ ਮੇਲ ਖਾਂਦਾ ਹੈ ਅਤੇ ਕੀ ਇਸ ਤੋਂ ਦੂਰ ਹੋ ਜਾਂਦਾ ਹੈ। ਇਸ ਸੰਦਰਭ ਵਿਚ, ਜ਼ਿੰਮੇਵਾਰੀ ਕਿਸੇ ਬਾਹਰੀ ਅਧਿਕਾਰੀ ਦੁਆਰਾ ਨਹੀਂ ਲਗਾਈ ਜਾਂਦੀ; ਸਗੋਂ ਇਸ ਦਾ ਅਹਿਸਾਸ ਅੰਦਰੋਂ ਪੈਦਾ ਹੁੰਦਾ ਹੈ। ਇਸ ਅੰਤਰੀਵੀ ਆਵਾਜ਼ ਨੂੰ ਅਸੀਂ ਜਿੰਨਾ ਧਿਆਨ ਨਾਲ ਸੁਣਦੇ ਹਾਂ, ਇਹ ਸਾਨੂੰ ਸਪੱਸ਼ਟ ਕਰ ਦਿੰਦੀ ਹੈ ਕਿ ਸਾਡੀਆਂ ਚੋਣਾਂ ਸਾਡੇ ਅੰਦਰ ਆਪਣੇ ਨਿਸ਼ਾਨ ਛੱਡਦੀਆਂ ਹਨ। ਅਤੇ ਅੰਤ ਵਿਚ, ਸਾਡੀ ਅੰਤਰ-ਆਤਮਾ ਸਾਨੂੰ ਉਸ ਸੱਚਾਈ ਪ੍ਰਤੀ ਜਵਾਬਦੇਹ ਬਣਾਉਂਦੀ ਹੈ ਜਿਸਨੂੰ ਅਸੀਂ ਪਹਿਲਾਂ ਹੀ ਜਾਣਦੇ ਸੀ।

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਹੇ ਦਰਿਆ, ਆਪਣੇ ਤੇਜ਼ ਵਹਾਅ ਨਾਲ, ਕੰਢਿਆਂ ਨੂੰ ਨਾ ਢਾਹ, ਕਿਉਂਕਿ ਇਸ ਦੀ ਜ਼ਿੰਮੇਵਾਰੀ ਤੇਰੇ ਸਿਰ ਆਵੇਗੀ। ਇਹ ਭਾਵ ਯਾਦ ਦਿਵਾਉਂਦਾ ਹੈ ਕਿ ਸੱਤਾਧਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਨਿਰਬਲਾਂ ਨੂੰ ਨੁਕਸਾਨ ਨਾ ਪਹੁੰਚਾਉਣ, ਕਿਉਂਕਿ ਸਾਡੀ ਅੰਤਰ-ਆਤਮਾ ਇਸ ਲਈ ਸਾਨੂੰ ਜ਼ਿੰਮੇਵਾਰ ਠਹਿਰਾਏਗੀ।

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥੮੪॥
ਜਿਸ ਪਾਸੇ ਉਸ ਸਰਵ-ਵਿਆਪੀ ਸਤਾ ਨੇ ਇਸਦਾ ਵਹਾਅ ਨਿਰਧਾਰਤ ਕੀਤਾ ਹੈ, ਇਹ ਉਸ ਪਾਸੇ ਹੀ ਵਹਿ ਜਾਵੇਗਾ। ਇਹ ਸੂਝ ਦਰਸਾਉਂਦੀ ਹੈ ਕਿ ਜੋ ਵੀ ਵੱਖਰੀਆਂ ਘਟਨਾਵਾਂ ਦੀ ਤਰ੍ਹਾਂ ਭਾਸਦਾ ਹੈ ਉਹ ਅਕਸਰ ਇਕ ਵੱਡੇ ਪ੍ਰਗਟਾਵੇ ਵਜੋਂ ਯੋਗਦਾਨ ਪਾਉਂਦਾ ਹੈ ਜੋ ਸਾਡੀ ਜੀਵਨ ਯਾਤਰਾ ਨੂੰ ਆਕਾਰ ਦਿੰਦੀ ਹੈ। (੮੪)

**ਤੱਤ:** ਸ਼ੇਖ ਫ਼ਰੀਦ ਜ਼ਾਹਿਰ ਕਰਦੇ ਹਨ ਕਿ ਸਾਡੇ ਜੀਵਨ ਵਿਚ ਜਿਹੜੀਆਂ ਘਟਨਾਵਾਂ ਵੱਖ-ਵੱਖ ਜਾਂ ਅਲੱਗ ਜਾਪਦੀਆਂ ਹਨ, ਉਹ ਅਕਸਰ ਇਕ ਵੱਡੀ ਕਹਾਣੀ ਦਾ ਹਿੱਸਾ ਹੁੰਦੀਆਂ ਹਨ। ਜਿਨ੍ਹਾਂ ਨੂੰ ਅਸੀਂ ਬੇਤਰਤੀਬ ਜਾਂ ਅਣਸੁਖਾਵੇ ਪਲਾਂ ਵਜੋਂ ਕਿਆਸ ਕਰਦੇ ਹਾਂ, ਚਿੰਤਨ ਕਰਨ ਉਪਰੰਤ ਉਹ ਹੌਲੀ-ਹੌਲੀ ਸੂਖਮ ਸਬੰਧਾਂ ਨੂੰ ਪ੍ਰਗਟ ਕਰਨ ਲੱਗ ਪੈਂਦੇ ਹਨ। ਜਿੱਤਾਂ, ਚੁਣੌਤੀਆਂ, ਮੁਲਾਕਾਤਾਂ ਅਤੇ ਮਿਲਣਾ-ਵਿਛੜਣਾ ਇਹ ਸਭ ਮਿਲ ਇਸ ਪੇਚੀਦਾ ਢਾਂਚੇ ਨੂੰ ਸਿਰਜਨ ਵਿਚ ਯੋਗਦਾਨ ਪਾਉਂਦੇ ਹਨ। ਜਿਵੇਂ ਛੋਟੇ-ਛੋਟੇ ਕੱਚ ਆਦਿ ਦੇ ਟੁਕੜੇ ਇਕੱਤਰ ਕਰਨ 'ਤੇ ਇਕ ਤਸਵੀਰ ਦਾ ਨਿਰਮਾਣ ਹੋ ਜਾਂਦਾ ਹੈ, ਇਸ ਤਰ੍ਹਾਂ ਜੀਵਨ ਇਕ ਯਾਤਰਾ ਦੀ ਤਰ੍ਹਾਂ ਹੈ ਜਿਸ ਉਪਰ ਨਿਰੰਤਰ ਚਲਦਿਆਂ ਨਵੇਂ ਰਾਹ ਪ੍ਰਗਟ ਹੁੰਦੇ ਰਹਿੰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**